# ਕੈਨੇਡਾ ਰਿਕਵਰੀ ਕੇਅਰਗਿਵਿੰਗ ਬੈਨੀਫਿਟ (CRCB)

ਕੈਨੇਡਾ ਰਿਕਵਰੀ ਕੇਅਰਗਿਵਿੰਗ ਬੈਨੀਫਿਟ (CRCB) ਉਹਨਾਂ ਰੁਜ਼ਗਾਰਸ਼ੁਦਾ ਅਤੇ ਸਵੈ-ਰੁਜ਼ਗਾਰੀ ਲੋਕਾਂ ਨੂੰ ਆਮਦਨ ਸਹਾਇਤਾ ਦਿੰਦਾ ਹੈ ਜੋ ਕੰਮ ਕਰਨ ਦੇ ਅਯੋਗ ਹਨ ਕਿਉਂਕਿ ਉਹਨਾਂ ਵਾਸਤੇ ਆਪਣੇ 12 ਸਾਲ ਤੋਂ ਘੱਟ ਉਮਰ ਦੇ ਬੱਚੇ ਜਾਂ ਨਿਗਰਾਨੀ-ਯੁਕਤ ਦੇਖਭਾਲ ਦੀ ਲੋੜ ਵਾਲੇ ਕਿਸੇ ਪਰਿਵਾਰਕ ਮੈਂਬਰ ਦੀ ਦੇਖਭਾਲ ਕਰਨਾ ਲਾਜ਼ਮੀ ਹੈ। ਇਹ ਤਾਂ ਲਾਗੂ ਹੁੰਦਾ ਹੈ ਜੇ ਉਹਨਾਂ ਦਾ ਸਕੂਲ, ਬਕਾਇਦਾ ਪ੍ਰੋਗਰਾਮ ਜਾਂ ਸੁਵਿਧਾ COVID-19 ਕਰਕੇ ਬੰਦ ਹੈ ਜਾਂ ਉਹਨਾਂ ਲਈ ਅਣਉਪਲਬਧ ਹੈ, ਜਾਂ ਕਿਉਂਕਿ ਉਹ ਬਿਮਾਰ ਹਨ, ਸਵੈ-ਅਲਹਿਦਗੀ ਕੱਟ ਰਹੇ ਹਨ, ਜਾਂ COVID-19 ਕਰਕੇ ਉਹਨਾਂ ਨੂੰ ਗੰਭੀਰ ਸਿਹਤ ਉਲਝਣਾਂ ਦਾ ਖਤਰਾ ਹੈ। CRCB ਨੂੰ ਕੈਨੇਡਾ ਰੈਵੇਨਿਊ ਏਜੰਸੀ (CRA) ਦੁਆਰਾ ਸੰਚਾਲਿਤ ਕੀਤਾ ਜਾਂਦਾ ਹੈ।

ਜੇ ਤੁਸੀਂ CRCB ਵਾਸਤੇ ਯੋਗ ਹੋ, ਤਾਂ ਤੁਹਾਡਾ ਪਰਿਵਾਰ ਹਰ 1-ਹਫਤੇ ਦੀ ਮਿਆਦ ਲਈ $500 (ਟੈਕਸ ਕੱਟਣ ਬਾਅਦ $450) ਪ੍ਰਾਪਤ ਕਰ ਸਕਦਾ ਹੈ।

ਜੇ 1 ਹਫਤੇ ਬਾਅਦ ਵੀ ਤੁਹਾਡੀ ਪ੍ਰਸਥਿਤੀ ਜਾਰੀ ਰਹਿੰਦੀ ਹੈ, ਤਾਂ ਤੁਹਾਨੂੰ ਦੁਬਾਰਾ ਅਰਜ਼ੀ ਦੇਣ ਦੀ ਲੋੜ ਹੋਵੇਗੀ। 27 ਸਤੰਬਰ, 2020 ਅਤੇ 25 ਸਤੰਬਰ, 2021 ਵਿਚਕਾਰ, ਤੁਸੀਂ ਕੁੱਲ 26 ਹਫਤਿਆਂ ਤੱਕ ਲਈ ਅਰਜ਼ੀ ਦੇ ਸਕਦੇ ਹੋ।

ਵਧੇਰੇ ਜਾਣਕਾਰੀ ਲਈ ਇਹ ਲਿੰਕ ਦੇਖੋ: ਕੈਨੇਡਾ ਰਿਕਵਰੀ ਕੇਅਰਗਿਵਿੰਗ ਬੈਨੀਫਿਟ।